**International Journal of Advanced Research and Development**
**ISSN: 2455-4030, Impact Factor: RJIF 5.24**
**www.newresearchjournal.com/advanced**
**Volume 1; Issue 3; March 2016; Page No. 74-75**

# ਪੰਜਾਬ ਵਿੱਚ ਕਿਸਾਨ ਖੁਦਕੁਸ਼ੀਆਂ ਦਾ ਵੱਧਦਾ ਰੁਝਾਨ

**Dr. Rachhpal Singh Uppal**
Guru Nanak Khalsa College, Abohar, Punjab, India

ਪੂੰਜੀਵਾਦੀ ਸਨਅਤੀ ਸਭਿਆਚਾਰ ਦੇ ਇਸ ਯੁੱਗ ਵਿਚ ਵਿਕਸਤ ਮੂਲਕ ਆਪਣੇ ਸਰਮਾਏ ਤੇ ਤਕਨੀਕ ਦੇ ਬਲਬੂਤੇ ਵਿਕਾਸਸ਼ੀਲ ਮੁਲਕਾਂ ਨੂੰ ਸੋਚੀ ਸਮਝੀ ਸਾਜਿਸ਼ ਤਹਿਤ ਲੁੱਟ-ਖਸੁੱਟ ਦਾ ਸ਼ਿਕਾਰ ਬਣਾ ਰਹੇ ਹਨ। ਉਹ ਆਪਣੀ 'ਨਵੀ ਤਕਨੀਕ ਦੂਸਰੇ ਮੁਲਕਾਂ ਵਿਚ ਭੇਜਦੇ ਹਨ, ਉਥੋਂ ਦੇ ਕੁਦਰਤੀ ਅਤੇ ਮਨੁੱਖੀ ਸੋਮਿਆਂ ਦੀ ਮੰਡੀ ਲਈ ਮਾਲ ਤਿਆਰ ਕਰਨ ਵਾਸਤੇ ਵਰਤੋਂ ਕਰਦੇ ਹਨ ਅਤੇ ਵਿੱਤੀ ਸਰਮਾਏ ਜਾਂ ਤਕਨੀਕੀ ਜਾਣਕਾਰੀ ਦੇ ਇਵਜਾਣੇ ਵਜੋਂ ਵੱਡੇ ਮੁਨਾਫੇ ਆਪਣੇ ਮੁਲਕਾਂ ਵਿੱਚ ਲੈ ਜਾਂਦੇ ਹਨ।'[1] ਪੂੰਜੀਵਾਦੀ ਸਨਅਤੀ ਸਭਿਆਚਾਰ ਦੀ ਹਾਮੀ ਭਰਨ ਵਾਲੇ ਚਿੰਤਕ ਇਸ ਨੂੰ ਸੰਸਾਰੀਕਰਨ ਵਿਸ਼ਵੀਕਰਨ ਆਦਿ ਨਵਾਂ ਦੀ ਸੰਖਿਆ ਦਿੰਦੇ ਹਨ ।ਭਾਰਤ ਵਰਗੇ ਮੁਲਕ ਤੇ ਵੀ ਇਸ ਦੇ ਪ੍ਰਭਾਵ ਦੀ ਰਫ਼ਤਾਰ ਐਸੀਂ ਤੇਜ਼ ਹੈ ਕਿ ਪਿੰਡ ਵੀ ਇਸ ਦੀ ਗ੍ਰਿਫਤ ਚ ਆ ਚੁੱਕੇ ਹਨ। ਖੁਸ਼ਹਾਲ ਜਾਣੇ ਜਾਂਦੇ ਪੰਜਾਬ ਦੀ ਵਸੋਂ ਵੀ ਸ਼ਹਿਰੀਕਰਨ ਦਾ ਹਿੱਸਾ ਬਣਦੀ ਜਾ ਰਹੀ ਹੈ। 12 ਹਜ਼ਾਰ ਤੋਂ ਅਧਿਕ ਪਿੰਡਾਂ ਦੀ ਵੱਸੋਂ ਵਾਲਾ ਪੰਜਾਬ, ਜਿਸ ਦੀ ਆਰਥਿਕਤਾ ਦਾ ਕੇਂਦਰੀ ਧੁਰਾ ਖੇਤੀਬਾੜੀ ਹੈ, ਅੱਜ ਗੰਭੀਰ ਸੰਕਟ ਲਈ ਦੇ ਦੌਰ ਵਿਚ ਪ੍ਰਵੇਸ਼ ਕਰ ਚੁੱਕਾ ਹੈ। ਕੁਦਰਤੀ ਆਫਤਾਂ ਦੇ ਨਾਲ-ਨਾਲ ਨਕਲੀ ਬੀਜ਼, ਕੀਟਨਾਸ਼ਕ ਦਵਾਈਆਂ, ਡੀਜਲਾਂ ਦੀਆਂ ਵੱਧਦੀਆਂ ਕੀਮਤਾਂ, ਫਸਲਾਂ ਦੇ ਘੱਟਦੇ ਮੁੱਲ ਆਦਿ ਗੰਭੀਰ ਮਸਲੇ ਹਨ। ਪਰ ਪੰਜਾਬ ਦੇ ਕਿਸਾਨਾਂ ਵੱਲੋਂ 'ਖੁਦਕੁਸ਼ੀਆਂ' ਦਾ ਰਾਹ ਚੁਣਨ ਲਈ ਮਜ਼ਬੂਰ ਹੋਣਾ ਘੋਰ ਚਿੰਤਾਜਨਕ ਵਿਧਾ ਹੈ। ਦਿਨ-ਬ-ਦਿਨ ਵਾਪਰ ਰਹੀਆਂ ਅਜਿਹੀਆਂ ਦਿਲ ਕੰਬਾਊ ਘਟਨਾਵਾਂ ਨੇ ਹਰੇਕ ਵਿਅਕਤੀ ਨੂੰ ਹਲੂਣਿਆ ਹੈ। ਬੀਤੇ ਦਿਨੀ ਸੰਗਰੂਰ ਜ਼ਿਲ੍ਹੇ ਦੇ ਪਿੰਡ ਗਾਜੀਸਲਾਰ ਵਿਖੇ ਜਸਵੰਤ ਸਿੰਘ ਦੁਆਰਾ ਲੜਕੀ ਦੀ ਡੋਲੀ ਤੁਰਨ ਤੋਂ ਪਹਿਲਾਂ ਕੀਤੀ ਗਈ ਖੁਦਕੁਸ਼ੀ ਨੇ ਕਈ ਨਵੇਂ ਸਵਾਲਾਂ ਬਦਾਂ ਨੂੰ ਜਨਮ ਦੇ ਦਿੱਤਾ ਹੈ। ਕਿਸਾਨ ਹੀ ਕਿਉਂ ਖੁਦਕੁਸ਼ੀਆਂ ਕਰ ਰਿਹਾ ਹੈ? ਜਦੋਂ ਕਿ ਸਮਾਜ ਵਿੱਚ ਹੋਰ ਵੀ ਅਜਿਹੇ ਤਬਕੇ ਹਨ ਜੋ ਗਰੀਬੀ ਰੇਖਾ ਤੋਂ ਹੇਠਾਂ ਦਾ ਜੀਵਨ ਬਸਰ ਕਰ ਰਹੇ ਹਨ।

ਕਿਸਾਨ ਖੁਦਕੁਸ਼ੀਆਂ ਦੇ ਕਾਰਨਾਂ ਦੀ ਪੜਤਾਲ ਕੀਤਿਆ ਇਹ ਤੱਥ ਵੀ ਸਾਹਮਣੇ ਆਉਂਦੇ ਹਨ ਕਿ 'ਆਰਥਿਕਤਾ' ਦੇ ਨਾਲ-ਨਾਲ ਸਮਾਜਕ, ਸਭਿਆਚਾਰਕ, ਮਨੋਵਿਗਿਆਨਕ ਆਦਿ ਪਹਿਲੂ ਵੀ ਜਿੰਮੇਵਾਰ ਹਨ। ਪਰ ਪੰਜਾਬ ਦੇ ਕਿਸਾਨਾਂ ਦੀਆਂ ਆਤਮਹਤਿੱਆਵਾਂ ਵਿਚ 'ਆਰਥਿਕਤਾ' ਵਾਲਾ ਪੱਖ ਜਿਆਦਾ ਨਜ਼ਰ ਆਉਂਦਾ ਹੈ। "ਪੰਜਾਬ ਵਿੱਚ ਪਿਛਲੇ ਸਮੇਂ ਦੌਰਾਨ ਇਹ ਕਿਹਾ ਜਾਂਦਾ ਰਿਹਾ ਹੈ ਕਿ ਇਥੇ ਪਿਛਲੇ 15 ਸਾਲਾਂ ਵਿਚ 2116 ਖੁਦਕੁਸ਼ੀਆਂ ਹੋਈਆਂ ਹਨ। ਜਦੋਂ ਕਿ ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਦੁਆਰਾ ਕੀਤੇ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਸਾਲ 2000 ਤੋਂ 2011 ਦੌਰਾਨ ਸੂਬੇ ਵਿਚ ਖੇਤੀ ਕਿੱਤੇ ਨਾਲ ਸੰਬੰਧਿਤ 6926 ਵਿਅਕਤੀ ਖੁਦਕੁਸ਼ੀ ਕਰ ਚੁੱਕੇ ਹਨ। ਜਿਨ੍ਹਾਂ ਵਿਚ 3954 ਕਿਸਾਨ ਅਤੇ 2972 ਮਜ਼ਦੂਰ ਸਨ। ਇਨ੍ਹਾਂ ਵਿਚੋਂ ਵੱਡੀ ਗਿਣਤੀ ਲੋਕਾਂ ਨੇ ਕਰਜ਼ੇ ਕਰਕੇ ਕੀਤੀ ਹੈ।"[2] ਇਨ੍ਹਾਂ ਅੰਕੜਿਆਂ ਵਿੱਚ ਲਗਤਾਰ ਇਜਾਫਾ ਹੋ ਰਿਹਾ ਹੈ। ਖੁਦਕੁਸ਼ੀਆਂ ਦਾ ਰੁਝਾਨ ਨਵੀਆਂ ਆਰਥਿਕ ਨੀਤੀਆਂ ਦੇ ਲਾਗੂ ਹੋਣ ਬਾਅਦ ਸਾਹਮਣੇ ਆਉਣ ਲੱਗਿਆ। ਨਵੀਂ ਤਕਨੀਕ ਦੇ ਅਨੁਸਾਰ ਤਿਆਰ ਕੀਤੇ ਬੀਜ, ਕੀਟਨਸ਼ਕ, ਸਾਡੀ ਧਰਤੀ, ਪੌਣਪਾਣੀ, ਵਾਤਾਵਰਨ ਆਦਿ ਅਨੁਕੂਲ ਰਾਸ ਨਹੀਂ ਆਉਂਦੇ। ਹਰੇ ਇਨਕਲਾਬ ਦਾ ਤਜ਼ਰਬਾ ਇਸ ਦੀ ਪਰਤਖ ਉਦਾਹਰਨ ਹੈ। ਹਾਲਾਤ ਦੀ ਵਿਡੰਬਣਾ ਹੈ ਕਿ ਕੀਟਨਾਸ਼ਕ ਦਵਾਈਆ, ਬੀਜ਼ਾਂ ਆਦਿ ਦੀ ਦੁਰਵਰਤੋਂ ਸਦਕਾ ਕਈ ਜੀਵ-ਜੰਤੂਆਂ ਦੀ ਪ੍ਰਜਾਤੀਆਂ ਹੀ ਖਤਮ ਹੋਣ ਲੱਗੀਆਂ ਹਨ। ਕਾਵਾਂ, ਇੱਲਾਂ ਆਦਿ ਦੀਆਂ ਨਸਲਾਂ ਖਾਤਮੇ ਦੇ ਮੁਕਮ ਤੇ ਹਨ।

ਜੀਵ-ਜੰਤੂਆਂ ਵਾਂਗ ਕਿਸਾਨਾਂ ਦੀ ਹਾਲਾਤ ਵੀ ਪੇਤਲੀ ਹੁੰਦੀ ਜਾ ਰਹੀ ਹੈ। ਅੱਜ ਪੰਜਾਬ ਦੀ ਨਿਮਨ ਕਿਸਾਨੀ ਖੇਤੀਬਾੜੀ ਧੰਦਾ ਛੱਡਣ ਲਈ ਮਜ਼ਬੂਰ ਹੋ ਰਹੀ ਹੈ। ਠੇਕੇ ਤੇ ਲਈ ਜ਼ਮੀਨ ਦੇ ਪੈਸੇ ਪੂਰੇ ਨਾ ਹੋਣ ਦੀ ਸੂਰਤ ਵਿੱਚ ਕਿਸਾਨ ਆਪਣੀ ਜ਼ਿੰਦਗੀ ਨੂੰ ਖਤਮ ਕਰ ਰਿਹਾ ਹੈ। ਸਿਹਤ, ਸਿੱਖਿਆ ਤੇ ਨਿੱਤ ਪ੍ਰਯੋਗ ਹੋਣ ਵਾਲੀਆਂ ਵਸਤਾਂ/ਘਰੇਲੂ ਜਰੂਰਤਾਂ ਆਦਿ ਖੇਤਰਾਂ ਵਿਚ ਮਹਿੰਗਾਈ ਨੇ ਕਿਸਾਨਾਂ ਨੂੰ ਤ੍ਰਾਸਦਿਤ ਹਾਲਤ ਵਿਚ ਧਕੇਲ ਦਿੱਤਾ ਹੈ। ਆੜਤੀਏ, ਸੂਦਖੋਰਾਂ ਤੇ ਨਿੱਜੀ ਬੈਂਕ ਕਿਸਾਨਾਂ ਨੂੰ ਕਰਜ਼ੇ ਮੁਹਈਆ ਕਰਵਾਉਂਦੇ ਸਮੇਂ ਆਪਣੀਆਂ ਸ਼ਰਤਾਂ ਲਾਗੂ ਕਰਵਾਉਂਦੇ ਹਨ। ਅੰਤਰਰਾਸ਼ਟਰੀ ਮੰਡੀ ਦੇ ਪ੍ਰਭਾਵ ਕਾਰਨ ਫਸਲਾਂ ਦੇ ਵਾਜਬ ਮੁੱਲ ਨਹੀਂ ਮਿਲਦੇ। ਪੰਜਾਬ ਵਿਚ ਚਿੱਟੇ ਮੱਛਰ ਦੀ ਬੀਮਾਰੀ ਕਾਰਨ ਤਬਾਹ ਹੋਈ ਨਰਮੇ ਦੀ ਫਸਲ ਲਈ ਵੀ ਕਈ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਪਾਇਆ ਹੈ। ਫਸਲ ਦੀ ਤਬਾਹੀ ਬਾਅਦ ਕਿਸਾਨਾਂ ਨੂੰ ਮੁਆਵਜੇ ਵਜੋਂ ਦਿੱਤੇ ਗਏ ਚੈੱਕ ਬੈਂਕ ਵਿੱਚ ਬਾਊਂਸ ਹੋ ਗਏ ਤੇ ਕੁਝ ਬੈਂਕਾਂ ਨੇ ਚੈੱਕ ਰੋਕ ਲਏ।

ਪੰਜਾਬ ਵਿਚ ਕਿਸਾਨੀ ਆਤਮਹੱਤਿਆਵਾਂ ਦੇ ਕਾਰਨਾਂ ਦੀ ਤਹਿ ਫਰੋਲਿਆਂ ਇਹ ਸਿੱਟਾ ਵੀ ਸਾਹਮਣੇ ਆਉਂਦਾ ਹੈ ਕਿ ਪਰਿਵਾਰਕ ਝਗੜੇ, ਜ਼ਮੀਨੀ ਝਗੜੇ, ਨਸ਼ੇ, ਹਿੰਸਾਤਮਕ ਘਟਨਾਵਾਂ, ਅਣਖ, ਗੈਰਤ, ਵਿਖਾਵਾ, ਰਿਸ਼ਤਿਆਂ ਦੀ ਟੁੱਟ ਭੱਜ ਆਦਿ ਵੀ ਆਤਮਹੱਤਿਆ ਦੇ ਗ੍ਰਾਫ ਨੂੰ ਉੱਚਾ ਚੁੱਕਣ ਵਿਚ ਵਾਧਾ ਕਰ ਰਹੇ ਹਨ। "ਸੰਗਰੂਰ, ਮਾਨਸਾ, ਬਠਿੰਡਾ, ਮੁਕਤਸਰ ਜਿਲਿਆ ਵਿਚ ਆਤਮਹੱਤਿਆਵਾਂ ਕਰਨ ਵਾਲੇ ਕਿਸਾਨਾਂ ਵਿਚ 68 ਪ੍ਰਤੀਸ਼ਤ ਅਨਪੜ੍ਹ, 25 ਪ੍ਰਤੀਸ਼ਤ ਮਿਡਲ, 4 ਪ੍ਰਤੀਸ਼ਤ ਹਾਈ, ਸੈਕੰਡਰੀ ਅਤੇ 1 ਪ੍ਰਤੀਸ਼ਤ ਗਰੈਜੁਏਸ਼ਨ ਪੱਧਰ ਤੱਕ ਦੀ ਪੜ੍ਹਾਈ ਪ੍ਰਾਪਤ ਸਨ।"[3] ਨੌਜਵਾਨ ਪੀੜ੍ਹੀ ਵਿੱਚ ਖੁਦਕੁਸ਼ੀਆਂ ਦਾ ਪ੍ਰਚਲਨ ਜ਼ਿਆਦਾ ਹੈ।

ਖਪਤ ਸਭਿਆਚਾਰ ਦੇ ਇਸ ਦੌਰ ਵਿੱਚ ਬਹੁਰਾਸ਼ਟਰੀ ਕੰਪਨੀਆਂ ਜ਼ਮੀਨਾਂ ਨੂੰ ਮਹਿੰਗੇ ਮੁੱਲ ਖਰੀਦੇ ਕੇ ਬਹੁਮੰਜ਼ਿਲਾ ਇਮਾਰਤਾਂ ਉਸਾਰ ਰਹੀਆਂ ਹਨ। ਕਿਸਾਨ ਲਾਲਚ ਵਸ ਆ ਜ਼ਮੀਨਾਂ ਤੋਂ ਵਿਰਵਾ ਹੋ ਰਿਹਾ ਹੈ। ਖੇਤੀਬਾੜੀ ਲਈ 'ਸਪੇਸ' ਘੱਟ ਰਹੀ ਹੈ। ਰੁਜਗਾਰ ਦੇ ਵਸੀਲੇ ਘੱਟ ਰਹੇ ਹਨ ਤੇ ਖਰਚੇ ਵੱਧ ਰਹੇ ਹਨ। ਸੋ ਨੌਜਵਾਨ ਸ਼੍ਰੇਣੀ ਪਰਵਾਸ ਧਾਰਨ ਕਰਨ ਨੂੰ ਤਰਜੀਹ ਦੇ ਰਹੀ ਹੈ। ਵਿਦੇਸ਼ੀ ਧਰਤੀ ਤੇ ਪੈਰ ਰੱਖਣ ਲਈ ਏਜੰਟਾਂ ਦੇ ਢਿੱਡ ਭਰਨ ਦੇ ਨਾਲ-ਨਾਲ ਗੈਰ ਕਾਨੂੰਨੀ ਢੰਗ ਤਰੀਕੇ/ਨਜਾਇਜ ਵਿਆਹ ਪ੍ਰਬੰਧ ਆਦਿ ਦਾ ਸਾਹਰਾ ਵੀ ਲਿਆ ਜਾਣ ਲੱਗ ਪਿਆ ਹੈ। ਇਸ ਸਭ ਕਾਸੇ ਦੇ ਲੋੜ ਜੋੜ ਲਈ ਜ਼ਮੀਨਾਂ ਵੇਚਣੀਆਂ ਕੋਈ ਅਲੋਕਾਰੀ ਗੱਲ ਨਹੀਂ।

ਸਮੇਂ ਦੀ ਲੋੜ ਹੈ ਕਿ ਕਿਸਾਨ ਜੱਥੇਬੰਦੀਆਂ, ਰਾਜਨੀਤੀਵਾਨ, ਖੇਤੀ ਵਿਗਿਆਨ ਆਦਿ ਮਿਲ-ਜੁਲ ਕੇ ਇਸ ਗੰਭੀਰ ਸਮੱਸਿਆ ਦੇ ਸਮਾਧਾਨ ਲਈ ਸੋਚਣ। ਫਸਲੀ ਬੀਮਾ, ਸਹਿਕਾਰੀ ਖੇਤੀ, ਡੇਅਰੀ ਕਿੱਤੇ ਆਦਿ ਸੇਵਾਵਾਂ ਦੇ ਨਾਲ-ਨਾਲ ਨੌਜਵਾਨਾ ਲਈ ਗੈਰ ਖੇਤੀ ਵਿਚ ਰੁਜਗਾਰ ਦੇ ਵਸੀਲੇ ਪੈਦਾ ਕੀਤੇ ਜਾਣ। ਇਸ

ਦੇ ਨਾਲ ਖੇਤੀਬਾੜੀ ਵਿਚ ਵਜਾਬ ਬਦਲਾਉ ਲਿਆ ਕੇ /ਸੁਧਾਰ ਕਰਕੇ, ਖੁਦਕੁਸ਼ੀਆਂ ਦੇ ਵਰਤਾਰੇ ਨੂੰ ਠੱਲ ਪਾਈ ਜਾ ਸਕਦੀ।

**ਹਵਾਲੇ ਅਤੇ ਟਿੱਪਣੀਆਂ**


1) ਡਾ. ਟੀ.ਆਰ. ਵਿਨੋਦ, ਸੰਸਕ੍ਰਿਤੀ: ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2004, ਪੰਨਾ 114.
2) ਡਾ. ਸੁਖਪਾਲ ਸਿੰਘ, ਪੰਜਾਬ ਵਿੱਚ ਕਿਸਾਨ, ਖੁਦਕੁਸ਼ੀਆਂ ਦਾ ਵਰਤਾਰਾ, ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, (18 ਜਨਵਰੀ 2016), ਪੰਨਾ 6.
3) ਡਾ. ਕੁਲਵੰਤ ਕੌਰ, , ਮਲਵਈ ਖਿੱਤੇ ਵਿੱਚ ਕਿਰਸਾਨੀ ਸੰਕਟ: ਸਰਵੇਖਣ ਤੇ ਮੁਲਾਂਕਣ, ਨੈਸ਼ਨਲ (ਸੈਮੀਨਾਰ, 5 ਜਨਵਰੀ 2016, ਡੀ.ਏ.ਵੀ. ਕਾਲਜ, ਅਬੋਹਰ